# ਦਫਤਰ ਨਗਰ ਨਿਗਮ ਫਗਵਾੜਾ
## OFFICE OF THE MUNICIPAL CORPORATION PHAGWARA
Town Hall Park, G.T. Road, Phagwara, Distt. Kapurthala - 144401

Office Contact : 1800 137 7776 Website : www.mcphagwara.net Email : comm.mcpgr@punjab.gov.in


## ਦਫਤਰੀ ਹੁਕਮ

ਨੰਬਰ: 1826 ਮਿਤੀ: 08/5/25

ਦਫਤਰੀ/ਪ੍ਰਸ਼ਾਸ਼ਨਿਕ ਹਿੱਤ ਨੂੰ ਮੁੱਖ ਰੱਖਦੇ ਹੋਏ ਨਗਰ ਨਿਗਮ, ਫਗਵਾੜਾ ਦੇ ਹੁਕਮ ਨੰਬਰ 1778 ਮਿਤੀ 15-05-2024 ਵਿੱਚ ਸੋਧ ਕਰਦੇ ਹੋਏ ਸੂਚਨਾ ਦਾ ਅਧਿਕਾਰ ਕਾਨੂੰਨ 2005 ਅਧੀਨ ਵੱਖ-ਵੱਖ ਵਿਵਸਥਾਵਾਂ ਦੀ ਪਾਲਣਾ ਹਿੱਤ ਇਸ ਦਫ਼ਤਰ ਵਿਖੇ ਪ੍ਰਾਪਤ ਹੋਣ ਵਾਲੀਆਂ ਅਰਜ਼ੀਆਂ ਦੇ ਨਿਪਟਾਰੇ ਲਈ ਹੇਠ ਦਰਸਾਏ ਅਨੁਸਾਰ ਪਬਲਿਕ ਇੰਨਫਰਮੇਸ਼ਨ ਅਫ਼ਸਰ ਅਤੇ ਅਸਿਸਟੈਂਟ ਪਬਲਿਕ ਇੰਨਫਰਮੇਸ਼ਨ ਅਫ਼ਸਰ ਨਿਯੁਕਤ ਕੀਤੇ ਜਾਂਦੇ ਹਨ:-

| ਲੜੀ ਨੰ. | ਸ਼ਾਖਾ ਦਾ ਨਾਮ | ਪਬਲਿਕ ਇੰਨਫਰਮੇਸ਼ਨ ਅਫ਼ਸਰ ਦਾ ਨਾਮ (ਸਰਵ ਸ਼੍ਰੀ/ਸ਼੍ਰੀਮਤੀ) | ਮੋਬਾਇਲ ਨੰਬਰ | ਅਸਿਸਟੈਂਟ ਪਬਲਿਕ ਇੰਨਫਰਮੇਸ਼ਨ ਅਫ਼ਸਰ (ਸਰਵ ਸ਼੍ਰੀ/ਸ਼੍ਰੀਮਤੀ) | ਮੋਬਾਇਲ ਨੰਬਰ |
|---|---|---|---|---|---|
| 1. | ਇੰਜਨੀਅਰਿੰਗ ਸ਼ਾਖਾ (ਸਿਵਲ, ਸਟਰੀਟ ਲਾਈਟ ਅਤੇ ਬਾਗਬਾਨੀ)। | ਰਜਿੰਦਰ ਚੌਪੜਾ, ਨਿਗਰਾਨ ਇੰਜੀਨੀਅਰ | 96460-50729 | 1. ਰਵਿੰਦਰ ਸਿੰਘ ਕਲਸੀ, ਸਹਾਇਕ ਕਾਰਪੋਰੇਸ਼ਨ ਇੰਜੀਨੀਅਰ<br>2. ਸੌਰਵ ਸੰਧੂ, ਸਹਾਇਕ ਕਾਰਪੋਰੇਸ਼ਨ ਇੰਜੀਨੀਅਰ | 98144-35358<br>97796-80005 |
| 2. | ਪ੍ਰਾਪਰਟੀ ਟੈਕਸ, ਟਰੇਡ, ਵਿਗਿਆਪਨ, ਹੈਲਥ ਸ਼ਾਖਾ, ਰੈਂਟ ਅਤੇ ਤਹਿਬਜ਼ਾਰੀ, ਸਰਕਾਰੀ ਸਕੀਮਾਂ, ਜਨਮ ਅਤੇ ਮੌਤ, ਅਮਲਾ ਸ਼ਾਖਾ ਅਤੇ ਸ਼ਿਕਾਇਤਾਂ, ਜਨਰਲ ਸ਼ਾਖਾ, ਜਨਗਣਨਾ, ਸਟੋਰ, ਏਜੰਡਾ, ਇਲੈਕਸ਼ਨ ਸੈੱਲ, ਪੈਨਸ਼ਨਾਂ, ਲਾਇਬ੍ਰੇਰੀ। | ਹਰਜਿੰਦਰ ਸਿੰਘ, ਸੁਪਰਡੰਟ | 98886-26700 | ਹਰਪ੍ਰੀਤ ਸਿੰਘ, ਇੰਸਪੈਕਟਰ | 99883-49100 |
| 3. | ਬਿਲਡਿੰਗ ਸ਼ਾਖਾ। | ਵਿਜੇ ਕੁਮਾਰ, ਮਿਉਂਸੀਪਲ ਟਾਊਨ ਪਲਾਨਰ | 98887-32720 | ਗੁਰਪ੍ਰੀਤ ਸਿੰਘ, ਸਹਾਇਕ ਟਾਊਨ ਪਲਾਨਰ | 94176-33872 |
| 4. | ਲੇਖਾ ਸ਼ਾਖਾ। | ਵਿਨਾਇਕ ਕੁਮਾਰ,. ਡੀ.ਸੀ.ਐੱਫ.ਏ. | 95924-20481 | ਵਿਕਰਾਂਤ ਸਲਹੋਤਰਾ, ਲੇਖਾਕਾਰ | 96460-74848 |
| 5. | ਹੈਲਥ ਸ਼ਾਖਾ। | ਅਜੈ ਕੁਮਾਰ, ਚੀਫ ਸੈਨੇਟਰੀ ਇੰਸਪੈਕਟਰ | 70090-45764 | ਸਬੰਧਤ ਏਰੀਆ ਸੈਨੇਟਰੀ ਇੰਸਪੈਕਟਰ | |
| 6. | ਫਾਇਰ ਬ੍ਰਿਗੇਡ ਸ਼ਾਖਾ। | ਸੁਖਵਿੰਦਰ ਸਿੰਘ, ਫਾਇਰ ਸਟੇਸ਼ਨ ਅਫ਼ਸਰ | 88472-52064 | ਸੁਰੇਸ਼ ਕੁਮਾਰ, ਸਬ-ਫਾਇਰ ਸਟੇਸ਼ਨ ਅਫ਼ਸਰ | 94648-17088 |

ਉਪਰੋਕਤ ਨਿਯੁਕਤ ਕੀਤੇ ਗਏ ਪਬਲਿਕ ਇੰਨਫਰਮੇਸ਼ਨ ਅਫ਼ਸਰ ਅਤੇ ਅਸਿਸਟੈਂਟ ਪਬਲਿਕ ਇੰਨਫਰਮੇਸ਼ਨ ਅਫ਼ਸਰ ਸੂਚਨਾ ਦਾ ਅਧਿਕਾਰ ਐਕਟ 2005 ਅਧੀਨ ਦਰਖ਼ਾਸਤ ਦਾ ਨਿਪਟਾਰਾ ਨਿਰਧਾਰਿਤ ਸਮੇਂ ਅੰਦਰ ਨਿਯਮਾਂ ਅਨੁਸਾਰ ਕਰਨਾ ਯਕੀਨੀ ਬਣਾਉਣਗੇ। ਕਿਸੇ ਵੀ ਤਰ੍ਹਾਂ ਦੀ ਦੇਰੀ/ਅਣਗਹਿਲੀ ਦੀ ਸੂਰਤ ਵਿੱਚ

ਪਬਲਿਕ ਇੰਨਫਰਮੇਸ਼ਨ ਅਫ਼ਸਰ ਅਤੇ ਅਸਿਸਟੈਂਟ ਪਬਲਿਕ ਇੰਨਫਰਮੇਸ਼ਨ ਅਫ਼ਸਰ ਦੀ ਨਿੱਜੀ ਜਿੰਮੇਵਾਰੀ ਹੋਵੇਗੀ। ਪ੍ਰਾਰਥੀ ਨੂੰ ਸੂਚਨਾ ਪਬਲਿਕ ਇੰਨਫਰਮੇਸ਼ਨ ਅਫ਼ਸਰ ਦੇ ਹਸਤਾਖ਼ਰਾਂ ਨਾਲ ਮੁਹੱਈਆ ਕਰਵਾਈ ਜਾਵੇ। ਜੇਕਰ ਪਬਲਿਕ ਇੰਨਫਰਮੇਸ਼ਨ ਅਫ਼ਸਰ ਲੰਬੀ ਛੁੱਟੀ 'ਤੇ ਹੈ ਜਾਂ ਕਿਸੇ ਕਾਰਨ ਪਬਲਿਕ ਇੰਨਫਰਮੇਸ਼ਨ ਅਫ਼ਸਰ ਦੀ ਅਸਾਮੀ ਖਾਲੀ ਹੁੰਦੀ ਹੈ ਤਾਂ ਨਵੇਂ ਪਬਲਿਕ ਇੰਨਫਰਮੇਸ਼ਨ ਅਫ਼ਸਰ ਦੇ ਜੁਆਇੰਨ ਕਰਨ ਤੱਕ ਅਸਿਸਟੈਂਟ ਪਬਲਿਕ ਇੰਨਫਰਮੇਸ਼ਨ ਅਫ਼ਸਰ (ਭਾਵ ਸਬੰਧਤ ਸ਼ਾਖਾ ਮੁੱਖੀ) ਪ੍ਰਾਰਥੀ ਨੂੰ ਸੂਚਨਾ ਮੁਹੱਈਆ ਕਰਵਾਉਣ ਲਈ ਅਧਿਕਾਰਿਤ ਹੋਣਗੇ।

ਜੇਕਰ ਪ੍ਰਾਰਥੀ ਵੱਲੋਂ ਕੋਈ ਅਪੀਲ ਮਾਨਯੋਗ ਸਟੇਟ ਇੰਨਫਰਮੇਸ਼ਨ ਕਮਿਸ਼ਨਰ, ਚੰਡੀਗੜ੍ਹ ਜੀ ਪਾਸ ਦਾਇਰ ਕੀਤੀ ਜਾਂਦੀ ਹੈ ਤਾਂ ਪਬਲਿਕ ਇੰਨਫਰਮੇਸ਼ਨ ਅਫ਼ਸਰ ਜਾਂ ਅਸਿਸਟੈਂਟ ਪਬਲਿਕ ਇੰਨਫਰਮੇਸ਼ਨ ਅਫ਼ਸਰ ਹੀ ਨਗਰ ਨਿਗਮ, ਫਗਵਾੜਾ ਵੱਲੋਂ ਪੱਖ ਮਾਨਯੋਗ ਸਟੇਟ ਇੰਨਫਰਮੇਸ਼ਨ ਕਮਿਸ਼ਨਰ ਜੀ ਦੇ ਸਨਮੁੱਖ ਪੇਸ਼ ਕਰੇਗਾ।

ਇਹ ਹੁਕਮ ਤੁਰੰਤ ਪ੍ਰਭਾਵ ਨਾਲ ਲਾਗੂ ਹੋਣਗੇ।

ਕਮਿਸ਼ਨਰ,
ਨਗਰ ਨਿਗਮ, ਫਗਵਾੜਾ।

ਪਿੱਠ ਅੰਕਣ ਨੰਬਰ: 1827-1830 ਮਿਤੀ: 08/5/25

ਉਪਰੋਕਤ ਦਾ ਉਤਾਰਾ:-

1. ਮਾਨਯੋਗ ਸਟੇਟ ਇੰਨਫਰਮੇਸ਼ਨ ਕਮਿਸ਼ਨਰ, ਪੰਜਾਬ, ਚੰਡੀਗੜ੍ਹ ਜੀ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ ਜੀ।
2. ਸਬੰਧਤ ਸ਼ਾਖਾ ਮੁਖੀ-ਕਮ-ਪਬਲਿਕ ਇੰਨਫਰਮੇਸ਼ਨ ਅਫ਼ਸਰ,
3. ਸਬੰਧਤ ਸਹਾਇਕ ਸ਼ਾਖਾ ਮੁਖੀ-ਕਮ-ਅਸਿਸਟੈਂਟ ਪਬਲਿਕ ਇੰਨਫਰਮੇਸ਼ਨ ਅਫ਼ਸਰ,
4. ਸਮੂਹ ਅਧਿਕਾਰੀ/ਕਰਮਚਾਰੀ ਸਾਹਿਬਾਨ,

--------ਨਗਰ ਨਿਗਮ, ਫਗਵਾੜਾ ਨੂੰ ਸੂਚਨਾ, ਲੋੜੀਂਦੀ ਕਾਰਵਾਈ ਅਤੇ ਪਾਲਣਾ ਹਿੱਤ ਭੇਜਿਆ ਜਾਂਦਾ ਹੈ।

ਕਮਿਸ਼ਨਰ,
ਨਗਰ ਨਿਗਮ, ਫਗਵਾੜਾ।